# ਡਾ.ਹਰਪ੍ਰੀਤ ਕੌਰ
## ਅਸਿਸਟੈਂਟ ਪ੍ਰੋਫੈਸਰ ਪੰਜਾਬੀ

# ਰਸਮ ਰਿਵਾਜ਼

- ਰਸਮ ਰਿਵਾਜਾਂ ਤੋਂ ਹੀ ਹਰਕੇ ਸਭਿਆਚਾਰ ਦੀ ਪਹਿਚਾਣ ਕੀਤੀ ਜਾਂਦੀ ਹੈ। ਇਨ੍ਹਾਂ ਰੀਤੀ ਰਿਵਾਜਾਂ ਨੂੰ ਖਾਸ ਮੌਕਿਆਂ ਉੱਤੇ ਪ੍ਰਮਾਣਿਤ ਵਿਧੀਗਤ ਵਿਵਹਾਰ ਮੰਨਿਆ ਜਾਂਦਾ ਹੈ।

- ਟਰਨਰ ਅਨੁਸਾਰ ,,,,ਰੀਤੀ ਰਿਵਾਜਾਂ ਰਾਹੀਂ ਕਿਸੇ ਵੀ ਸਭਿਆਚਾਰ ਦੀ ਕਿਸੇ ਵੀ ਸਮਾਜ ਦੀ ਪਛਾਣ ਹੋ ਜਾਂਦੀ ਹੈ। ਰੀਤੀ ਰਿਵਾਜ ਇੱਕ ਵਿਸ਼ੇਸ਼ ਕੰਮ ਦੀ ਵਿਧੀ ਦਾ ਰੂਪ ਹੈ, ਇਸ ਲਈ ਇਸ ਕਾਰਜ ਪਿੱਛੇ ਸੁਚੇਤ ਜਾਂ ਅਚੇਤ ਰੂਪ ਵਿੱਚ ਕੋਈ ਨਾ ਕੋਈ ਮੂਲ ਰੂਪ ਵਿੱਚ ਮਨੁੱਖੀ ਪਯੋਜਨ ਮੌਜੂਦ ਹੁੰਦਾ ਹੈ, ਜਿਵੇਂ ਮੀਂਹ ਪਵਾਉਣ ਲਈ ਵਿਸ਼ੇਸ਼ ਰੀਤੀ ਰਿਵਾਜ ਦੇ ਰੂਪ ਵਿੱਚ ,,ਯੱਗ' ਕਰਨ ਦਾ ਵਿਧਾਨ ਮੌਜੂਦ ਹੈ। ਹਰ ਇੱਕ
ਰੀਤੀ-ਰਿਵਾਜ ਪਿੱਛੇ ਮੂਲ ਸਭਿਆਚਾਰਕ ਪਯੋਜਨ ਦੇ ਨਾਲ-ਨਾਲ ਸਮੁੱਚੇ ਰੂਪ ਵਿੱਚ ਕੋਈ ਨਾ ਕੋਈ ਲੋਕ ਵਿਸ਼ਵਾਸ ਜਰੂਰ ਹੁੰਦਾ ਹੈ।''
-

- ਪੰਜਾਬੀ ਸਭਿਆਚਾਰ ਵਿੱਚ ਬਜ਼ੁਰਗਾਂ ਦੇ ਪੈਰੀਂ ਹੱਥ ਲਗਾਉਣਾ, ਮਿਲਣ ਸਮੇਂ ਗਲੇ ਮਿਲਣਾ, ਵਿਆਹਾਂ ਉੱਪਰ ਸ਼ਗਨ ਪਾਉਣਾ, ਘਰ ਆਉਣ ਤੇ ਛੋਟੇ ਬੱਚਿਆਂ ਨੂੰ ਪੈਸੇ ਦੇਣੇ, ਨਵ ਵਹੁਟੀ ਦਾ ਸਹੁਰੇ ਅਤੇ ਜੇਠ ਤੋਂ ਘੁੰਡ ਕੱਢਣਾ, ਆਪਣੇ ਪਤੀ ਦਾ ਨਾਮ ਨਾ ਲੈਣਾ ਆਦਿ ਰਿਵਾਜ ਪ੍ਰਚਲਿੱਤ ਹਨ। ਇਸੇ ਪ੍ਰਕਾਰ ਹੀ ਪੰਜਾਬੀ ਸਭਿਆਚਾਰ ਵਿੱਚ ਪੁਰਾਤਨ ਸਮੇਂ ਤੋਂ ਹੀ ਜਨਮ, ਵਿਆਹ, ਅਤੇ ਮੌਤ ਸਬੰਧੀ ਰਸਮ-ਰਿਵਾਜ ਜੁੜੇ ਹੋਏ ਹਨ। ਜਨਮ, ਵਿਆਹ ਅਤੇ ਮੌਤ ਸੰਬੰਧੀ ਰੀਤੀ ਰਿਵਾਜ ਇਸ ਪ੍ਰਕਾਰ ਹਨ।
- ਜ

# ਜਨਮ ਸਮੇਂ ਦੀਆਂ ਰੀਤਾਂ ਰਸਮਾਂ

- ,,,,ਜਦੋਂ ਜ਼ਨਾਨੀ ਤਿੰਨ ਮਹੀਨਿਆਂ ਦੀ ਗਰਭਵਤੀ ਹੋ ਜਾਂਦੀ ਹੈ ਤਾਂ ਉਸ ਔਰਤ ਦੇ ਨਣਦ ਵਲੋਂ ਸੁਰਮਾ ਪਾਇਆ ਜਾਂਦਾ ਹੈ। ਇਸ ਦਾ ਕਾਰਣ ਇਹ ਰਿਹਾ ਹੈ ਕਿ ਗਰਭਵਤੀ ਨੇ ਬੱਚਾ ਜੰਮਣ ਤੱਕ ਸੁਰਮਾ ਨਹੀਂ ਪਾਉਣਾ ਕਿਉਂਕਿ ਵਹਿਮ ਰਿਹਾ ਹੈ ਕਿ ਸੋਹਣੀ ਅੱਖ ਵੇਖ ਕੇ ਬਲਾ ਪਿੱਛਾ ਨਾ ਕਰੇ।’’

- ਨਾਲ-ਨਾਲ ਪੇਂਡੂ ਬਜ਼ੁਰਗ ਔਰਤਾਂ ਗਰਭ ਵਿੱਚ ਬੱਚਾ ਠਹਿਰਦੇ ਹੀ ਸਿਆਣਿਆ ਪਾਸੋਂ ਧਾਗੇ ਤਵੀਤ ਲਿਆ ਕੇ ਪਾ ਦਿੰਦੀਆਂ ਹਨ ਤਾਂ ਕਿ ਬੱਚੇ ਤੇ ਮਾਂ ਬੁਰੀ ਬਲਾ ਤੋਂ ਸੁਰੱਖਿਅਤ ਰਹਿਣ

- ,,,,ਜਦੋਂ ਧੀ ਦੇ ਗਰਭਵਤੀ ਹੋਣ ਦਾ ਸੁਨੇਹਾ ਪੇਕੇ ਘਰ ਭੇਜਿਆ ਜਾਂਦਾ ਸੀ ਤਾਂ ਸੰਕੇਤ ਮਿੱਠਾ ਬੋਹੀਆ ਘੱਲ ਕੇ ਕੀਤਾ ਜਾਂਦਾ ਸੀ। ਜਵਾਬ ਵਿਚੱ ਪੇਕਿਆਂ ਵਲੋਂ ਸੰਧਾਰੇ ਦੇ ਰੂਪ ਵਿਚੱ ਚੌਲ ਤੇ ਸ਼ੱਕਰ ਭੇਜੇ ਜਾਂਦੇ ਹਨ। ਨਾਲ ਹੀ ਪਿੰਡ ਦਾ ਲਾਗੀ ਪੁੱਛ ਕੇ ਜਾਂਦਾ ਹੈ ਕਿ ਕੁੜੀ ਨੂੰ ਕਦੋਂ ਲੈਣ ਆਈਏ ?''3 ਪ੍ਰੰਤੂ ਸਮੇਂ ਦੇ ਨਾਲ-ਨਾਲ ਇਹ ਰਸਮ ਬਹੁਤ ਘੱਟ ਚੁੱਕੀ ਹੈ। ਬਹੁਤੀਆਂ ਗਰਭਵਤੀ ਔਰਤਾਂ ਨੂੰ ਤਾਂ ਬੱਚਾ ਪੈਦਾ ਹੋਣ ਤੱਕ ਘਰ ਤੋਂ ਬਾਹਰ ਜਾਣ ਨਹੀਂ ਦਿੱਤਾ ਜਾਂਦਾ।

- ਗਰਭਵਤੀ ਨੂੰ ਸੱਤਵਾਂ ਮਹੀਨਾ ਚੜ੍ਹਦੇ ਹੀ ਪੂਰੇ ਸ਼ਗਨਾਂ ਨਾਲ ਵਿਦਾ ਕੀਤਾ ਜਾਂਦਾ ਹੈ। ਇਸ ਸਮੇਂ ਦੀ ਰਸਮ ਨਿਭਾਉਂਦਿਆਂ ਖੋਪੇ ਦਾ ਗੁੱਟ, ਮਿਸ਼ਰੀ ਦੇ ਕੂਜੇ, ਖੰਮਣੀਆਂ ਨਾਲ ਲਪੇਟ ਕੇ ਗਰਭਵਤੀ ਔਰਤ ਦੀ ਝੋਲੀ ਪਾ ਦਿੱਤੇ ਜਾਂਦੇ ਹਨ। ਪਿਡੰ ਦੀਆਂ ਬਜ਼ੁਰਗ ਔਰਤਾਂ ਵਿਦਾ ਹੁੰਦੀ ਵਹੁਟੀ ਨੂੰ ਗਰਭਵਤੀ ਰਹਿਣ ਤੱਕ ਵੱਖ-ਵੱਖ ਗੱਲਾਂ ਤੋਂ ਸੁਚੇਤ ਕਰਦੀਆਂ ਹਨ ਅਤੇ ਜਿਆਦਾ ਸਮਾਂ ਆਪਣੇ ਘਰ ਰਹਿਣ ਲਈ ਸੁਝਾਅ ਦਿੰਦੀਆਂ ਹਨ ਤੇ ਨਾਲ ਕਹਿੰਦੀਆਂ ਹਨ ਕਿ ਗਲੀ - ਗੁਆਂਢ ਵਿੱਚ ਬਹੁਤ ਨਹੀਂ ਜਾਣਾ, ਕਿਸੇ ਦੇ ਘਰ ਦੀ ਚੀਜ਼ ਵੀ ਨਹੀਂ ਲੈ ਕੇ ਖਾਣੀ, ਚੁਰਸਤੇ ਵਿਚੋਂ ਦੀ ਨਹੀਂ ਲੰਘਣਾ ਆਦਿ। ਕਿਉਂਕਿ ਬਜ਼ੁਰਗ ਔਰਤਾਂ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਕਿਧਰੇ ਕੋਈ ਬੁਰੀ ਬਲਾ ਮਾਂ ਅਤੇ ਬੱਚੇ ਨੂੰ ਨੁਕਸਾਨ ਨਾ ਪਹੁੰਚਾ ਦੇਵੇ।
-

- ,,,,ਵਡੇਰੀ ਉਮਰ  ਦੀਆਂ ਔਰਤਾਂ ਵਲੋਂ ਗਰਭਵਤੀ ਔਰਤ ਨੂੰ ਵੇਖ ਵੇਖ ਸੁਝਾਅ ਦਿੱਤੇ ਜਾਂਦੇ ਹਨ ਜਿਵੇਂ : ਸੂਰਜ ਗ੍ਰਹਿਣ ਲੱਗੇ ਕਿਸੇ ਕਮੰ ਨੂੰ ਹੱਥ ਨਾ ਲਾਉਣਾ, ਸੂਤ ਦੀ ਅੱਟੀ ਪੈਰ ਵਿੱਚ ਪਾ ਕੇ ਚੁੱਪ –ਚਾਪ ਅੰਦਰ ਬੈਠਣਾ, ਕਿਸੇ ਸਿਲੇ ਵਾਲੀ  ਜ਼ਨਾਨੀ ਕੋਲ ਨਾ ਜਾਣਾ, ਕਰੜੇ ਥਾਉਂ ਵਿੱਚ ਦੀ ਨਾ ਲੰਘਣਾ, ਵੱਡਿਆਂ ਵਡੇਰਿਆਂ ਨੂੰ ਯਾਦ ਰੱਖਣਾ। ਜਣੇਪੇ ਵੇਲੇ ਘਰ ਦੀ ਸਬਾਤ ਦਾ ਮੂੰਹ ਚੜ੍ਹਦੇ ਵੱਲ ਹੋਵੇ, ਕੁੱਤੇ ਬਿੱਲੀ ਤੋਂ ਖਾਸ ਬਚਾਉ ਰੱਖਿਆ ਜਾਵੇ, ਬੱਚਾ ਜੰਮੰਣ ਸਮੇਂ ਕਮਰੇ ਵਿੱਚ ਹਨੇਰਾ ਹੋਵੇ ਇਥੋਂ ਤੱਕ ਕਿ  ਜ਼ਨਾਨੀ ਦਾ ਪਰਛਾਵਾ ਵੀ ਜ਼ਨਾਨੀ ਤੇ ਨਾ ਪਵੇ।’’

- ਜ਼ਨਾਨੀ ਦੇ ਮੰਜੇ ਹੇਠ ਜੰਤਰ ਮੰਤਰ ਵਾਲੇ ਤਬੀਤ ਅਤੇ ਮੰਤਰ ਪੜ੍ਹਾ ਕੇ ਪਾਣੀ ਰੱਖਿਆ ਜਾਵੇ, ਲੋਹੇ ਦੀ ਦੰਦਲ, ਦਾਤੀ ਤੇ ਜਿੰਦੇ, ਸਰ੍ਹੋਂ, ਕਣਕ ਚੌਲਾਂ ਦੇ ਦਾਣੇ ਆਦਿ ਵਸਤਾਂ ਗਰਭਵਤੀ ਔਰਤ ਲਈ ਚੰਗੀਆਂ ਮੰਨੀਆਂ ਜਾਂਦੀਆਂ ਹਨ।
-

- ਬੱਚੇ ਦੇ ਪੈਦਾ ਹੋਣ ਉਪਰੰਤ ਇਕ ਵਿਸ਼ੇਸ ਰਸਮ ਹੁੰਦੀ ਹੈ ਗੁੜ੍ਹਤੀ ਦੇਣ ਦੀ। ਪੰਜਾਬ ਦੇ ਪਿੰਡਾਂ ਵਿੱਚ ਦਾਈ ਦੁਆਰਾ ਕਹੇ ਜਾਣ ਤੇ ਕਿ ਬਚੇਂ ਨੂੰ ਗੁੜ੍ਹਤੀ ਦਿਉ, ਪਰਿਵਾਰ ਦੇ ਚੰਗ ੇਗੁਣਾਂ ਵਾਲੇ ਮੈਂਬਰ ਨੂੰ ਸਾਹਮਣੇ ਲਿਆਂਦਾ ਜਾਂਦਾ ਹੈ ਅਤ ੇਗੁੜ੍ਹਤੀ ਦਿੱਤੀ ਜਾਂਦੀ ਹੈ। ਇਹ ਮੰਨਿਆ ਜਾਂਦਾ ਰਿਹਾ ਹੈ ਕਿ ਜੋ ਗੁੜ੍ਹਤੀ ਦੇਵਗੇ ਬੱਚੇ ਦਾ ਸੁਭਾਅ ਜ਼ਿਆਦਾਤਰ ਉਸੇ 'ਤੇ ਹੀ ਜਾਂਦਾ ਹੈ। ,,,,ਗੁੜ੍ਹਤੀ ਲਈ ਕੋਰੇ ਚੱਪਣ ਵਿੱਚ ਦੀਵੇ ਦੀ ਬੱਤੀ ਜਿਹੀ ਰੂੰ ਦੀ ਪੂਣੀ ਨਾਲ ਬੱਕਰੀ ਦਾ ਦੁੱਧ ਬੱਚੇ ਨੂੰ ਪਹਿਲੀ  ਵਾਰ ਚੁੰਘਾ ਕੇ ਬੱਚੇ ਨੂੰ ਗੁੜ੍ਹਤੀ ਦਿੱਤੀ ਜਾਂਦੀ ਹੈ।

- ਹਫਤੇ ਬਾਦ ਕਮਰੇ ਦੀਆਂ ਦੇਹਲੀਆਂ ਤੋਂ ਜ਼ਨਾਨੀ ਨੂੰ ਅੰਦਰੋਂ ਬਾਹਰ ਲਿਆਉਣਾ, „ਬਾਹਰ ਵਧਾਉਣ' ਦੀ ਖਾਸ ਰਸਮ ਹੈ। ਇਨ੍ਹਾਂ ਵਿੱਚ ਜ਼ਨਾਨੀ ਦੇ ਮੰਜੇ ਨੂੰ ਤੇ ਬਚੇਂ ਨੂ ੰਖਾਲੀ ਨਹੀਂ ਛੱਡਿਆ ਜਾਂਦਾ। ਬੱਚੇ ਨੂੰ ਦਹੇਲੀਆਂ ਤੋਂ ਅੰਦਰ ਰੱਖਿਆ ਜਾਂਦਾ। ਅੱਠਵੇਂ ਤੇ ਅਠ੍ਹਾਰਵੇਂ ਦਿਨ ਹੀ ਨਹੀਂ ਸਗੋਂ ਅੱਠਵੇਂ, ਅਠਾਰਵੇਂ ਮਹੀਨਿਆਂ ਤੇ ਵਰ੍ਹਿਆਂ ਤੱਕ ਵੀ ਖਾਸ ਖਿਆਲ ਰੱਖਿਆ ਜਾਂਦਾ ਹੈ।

- ਪਿੰਡਾਂ ਦੀਆਂ ਬਜ਼ੁਰਗ ਔਰਤਾਂ ਜਣੇਪੇ ਵਾਲੀ ਔਰਤ ਦੇ ਬੱਚੇ ਨੂੰ ਭੜੈੀਆਂ ਰੂਹਾਂ ਤੋਂ ਬਚਾਉਣ ਲਈ ਗੂਗਲ ਦੀ ਧੂਫ ਵੀ ਕਰਵਾਓਂਦੀਆਂ ਹਨ ਤੇ ਦਾਤਰੀ, ਕਣਕ ਦ ੇਦਾਣੇ, ਮਾਚਿਸ ਡਬੀ ਅਤੇ ਪਾਣੀ ਦੀ ਗੜਬੀ ਜਣੇਪੇ ਵਾਲੀ ਔਰਤ ਦੇ ਮੰਜੇ ਹੇਠ ਲਾਜ਼ਮੀ ਰੱਖਦੀਆਂ ਹਨ।
-

- ,,,,,ਸੱਤਵੇਂ, ਨੌਵੇਂ, ਗਿਆਰ੍ਹਵੇਂ, ਜਿਸ ਦਿਨ ਚੰਗਾ ਦਿਨ ਲੱਗੇ, ਮੁੰਡੇ ਦੀ ਮਾਂ ਨੂੰ ਬਾਹਰ ਵਧਾਇਆ ਜਾਂਦਾ ਹੈ। ,,ਬਾਹਰ ਵਧਾਉਣ' ਤੋਂ ਪਹਿਲਾਂ ਜ਼ਨਾਨੀ ਨੂੰ ਨੁਹਾਇਆ ਜਾਂਦਾ ਹੈ। ਪੁਰਾਣੇ ਖਿਆਲਾਂ ਦੇ ਲੋਕ ਪਹਿਲੇ ਦਿਨ ਨਹਾਉਣ ਵਾਲੇ ਪਾਣੀ ਵਿੱਚ ਹਰੀ ਮੇਥੀ ਜਾਂ ਹਰੇ ਚਾਰੇ ਨੂੰ ਉਬਾਲ ਕੇ ਨਵ੍ਹਾਉਂਦੇ ਹਨ। ਜਿਹੜੇ ਪਟੜੇ ਤੇ ਨਵ੍ਹਾਇਆ ਜਾਂਦਾ ਹੈ ਉਸ ਥਾਂ ਉੱਤੇ ਲੀਕਾਂ ਕੱਢ ਕੇ ਚੌਂਕ ਪੂਰ ਦਿੰਦੀ ਹੈ। ਪੂਰ ਹੋਏ ਚੌਂਕ ਉੱਤੇ ਨਹਾ ਕੇ ਏਥੇ ਕੱਪੜੇ ਬਦਲੇ ਜਾਂਦੇ ਹਨ। ਬੱਚੇ ਨੂੰ ਪਹਿਲਾ ਝੱਗਾ, ਕਿਸੇ ਘਰ ਦੇ ਭਲੇ ਜੀਅ ਦੇ ਪੁਰਾਣੇ ਕੱਪੜੇ ਕੱਢ ਕੇ ਸਿਲਾਉਂਦੇ ਹਨ। ਸ਼ਰਧਾਲੂ ਗੁਰਦੁਆਰੇ ਨੂੰ ਨਵਾਂ ਰੁਮਾਲਾ ਲਿਆ ਕੇ ਬੱਚੇ ਦਾ ਪਹਿਲਾ ,,ਝਗਾ' ਸਿਲਾਉਂਦੇ ਹਨ।''

- ਜੇਕਰ ਔਰਤ ਦਾ ਜੁਨੇਪਾ ਪੇਕੇ ਹੋਵੇ ਤਾਂ ਖੰਮ੍ਹਣੀਆਂ ਬੰਨ੍ਹ ਕੇ ਸਹੁਰਿਆਂ ਨੂੰ ਗੁੜ ਦੀ ਭਲੀ ਭੇਜੀ ਜਾਂਦੀ ਹੈ। ਸਹੁਰਿਆਂ ਅਤੇ ਪੇਕਿਆਂ ਵਿੱਚੋਂ ਜਿਸ ਨੂੰ ਵੀ ਭੇਲੀ ਪੁੱਜੇ, ਫਿਰ ਉਨ੍ਹਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਛੇਤੀ ਜ਼ਨਾਨੀ ਨੂੰ ਪੰਜੀਰੀ ਭੇਜਣ। ਪੰਜੀਰੀ ਵਿੱਚ ਸੁੱਕੇ ਮਵੇ ਪਾਉਂਦੇ ਸਨ। ਆਮ ਲੋਕ ਮੇਥੇ ਅਤੇ ਸਿਹਤ ਲਈ ਲਾਭਵੰਦ ਵਸਤਾਂ ਪਾ ਕੇ ਦਿੰਦੇ ਹਨ। ਅਜੋਕੇ ਸਮੇਂ ਵਿੱਚ ਪੰਜ ਕਿਲੋ ਘਿਉ ਵਿੱਚ ਸੁਕੇ ਮੇਵੇ, ਜੋ ਜਣੇਪੇ ਵਾਲੀ ਔਰਤ ਦੇ ਸਰੀਰ ਨੂੰ ਤਾਕਤ ਦੇਣ, ਰਲਾ ਕੇ ਦਿੱਤੇ ਜਾਂਦੇ ਹਨ। ਕਈ ਵਾਰ ਤਾਂ ਸਹੁਰੇ ਪੰਜੀਰੀ ਨਾਈ ਹੱਥ ਭੇਜ ਦਿੰਦੇ ਸਨ। ਨਾਈ ਦੇ ਨਾਲ ਮੁੰਡੇ ਦਾ ਦਾਦਾ ਆਪ ਆਉਂਦਾ ਹੈ, ਅਖੇ ਪੋਤਾ ਦੇਖ ਆਵਾਂਗੇ। ਨਾਈ ਨੂੰ ਇਸ ਲਈ ਨਾਲ ਲਿਜਾਇਆ ਜਾਂਦਾ ਰਿਹਾ ਕਿ ਖਬਰ ਦੇਣ ਵਾਲੇ ਨੂੰ „ਲਾਗ' ਤੇ ਕਤੂਤੀ-ਲੀੜਾ ਜੋ ਉਨ੍ਹਾਂ ਨੇ ਆਪਣੇ ਘਰੋਂ ਦਿੱਤਾ ਹੁੰਦਾ ਹੈ, ਅਗਲੇ ਸਾਡੇ ਨਾਈ ਨੂੰ ਵੀ ਉਹੋ ਜਿਹਾ ਹੀ ਦੇਣ।''9 ਬਹੁਤੇ ਪਰਿਵਾਰ ਤਾਂ ਆਪਣੀ ਆਰਥਿਕਤਾ ਦਾ ਵੀ ਦਿਖਾਵਾ ਕਰਦੇ ਹਨ। ਪੰਜੀਰੀ ਭੇਜਣ ਦੇ ਨਾਲ-ਨਾਲ ਸੋਨੇ ਦਾ ਕੋਈ ਗਹਿਣਾ ਪਾਉਣਾ ਵੀ ਰਿਵਾਜ ਸਮਝਦੇ ਹਨ। ਕਹਿੰਦੇ ਹਨ ਕਿ ਸਾਡੇ ਇਲਾਕੇ ਵਿੱਚ ਤਾਂ ਪਹਿਲਾ ਬੱਚਾ ਪੈਦਾ ਹੋਣ ਤੇ ਸੋਨੇ ਦਾ ਗਹਿਣਾ ਪਾਉਣ ਦਾ ਬਹੁਤ ਰਿਵਾਜ ਹੈ। ਇਸ ਪੱਖ ਤੋਂ ਦਿਨੋ-ਦਿਨ ਲੋਕ ਦਿਖਾਵੇ ਦਾ ਪਦ੍ਰਰਸ਼ਨ ਵੀ ਵਧਣ ਲੱਗਾ ਹੈ।

- ਬੱਚੇ ਦੇ ਪੈਦਾ ਹੋਣ ਤੋਂ ਬਾਅਦ ਜਣੇਪੇ ਵਾਲੀ ਔਰਤ ਲਈ ਪੰਜੀਰੀ ਭੇਜਣੀ ਹਰੇਕ ਇਲਾਕੇ ਵਿੱਚ ਜਰੂਰੀ ਰਸਮ ਹੈ। ਬਜ਼ੁਰਗ ਔਰਤਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਜੇਕਰ ਪੰਜੀਰੀ ਜਣੇਪੇ ਵਾਲੀ ਔਰਤ ਨਾ ਖਾਵੇ ਤਾਂ ਜਣੇਪੇ ਤੋਂ ਦੋ-ਚਾਰ ਵਰਿਆਂ ਵਿੱਚ ਉਸਦੇ ਸਾਰੇ ਅੰਗਾਂ ਵਿੱਚ ਦਰਦ ਹੋਣਾ ਸ਼ੁਰੂ ਹੁੰਦਾ ਹੈ ਅਤੇ ਇਹ ਪੰਜੀਰੀ ਵਿੱਚ ਪਾਇਆ ਸਰੀਰ ਦੀ ਤੰਦਰੁਸਤੀ ਵਾਲੀ ਸਮੱਗਰੀ ਔਰਤ ਲਈ ਬਹੁਤ ਲਾਹੇਵੰਦ ਸਾਬਿਤ ਹੁੰਦੀ ਹੈ। „„ਪੰਜੀਰੀ ਹਰ ਤਰ੍ਹਾਂ ਨਾਲ ਸੁੱਚੀ ਰੱਖ ਕੇ ਲਿਜਾਈ ਜਾਂਦੀ ਹੈ। ਪੰਜੀਰੀ ਲਿਜਾਣ ਵਾਲੇ ਨੂੰ ਸਮਝਾਇਆ ਜਾਂਦਾ ਹੈ ਕਿ ਇਸ ਸੱਗਾ-ਰੱਤੀ ਸ਼ਿਲੇ ਦੀ ਚੀਜ਼ ਨੂੰ ਸੌ ਬਿਜ ਪੈਂਦੀ ਹੈ। ਇਸ ਲਈ ਇਸ ਵਿੱਚ ਲੋਹਾ ਰੱਖਿਆ ਜਾਂਦਾ ਹੈ। ਇਸ ਨੂੰ ਮਾੜੇ ਥਾਂ ਰੱਖਣ ਦੀ ਮਨਾਹੀ ਹੁੰਦੀ ਹੈ। ਘਰ ਦੀ ਬਹੂ, ਦਾਦੀ ਪੂਰੀ ਤਰ੍ਹਾਂ ਆਪਦੇ ਵਲੋਂ ਪੰਜੀਰੀ ਲੈ ਜਾਣ ਵਾਲੇ ਨੂੰ ਤਾਕੀਦ ਕਰਕੇ
- ਟੋਰਦੀ ਹੈ।

- ਪਿੰਡਾਂ ਦੇ ਲੋਕਾਂ ਵਿੱਚ ਮੰਡ੍ਹਾ ਜੰਮਣ ਤੋਂ ਵਰ੍ਹੇ ਦ ੇਅੰਦਰ „ਮੁੰਡੇ ਦੀ ਛਟੀ’ ਮਨਾਉਣ ਦਾ ਰਿਵਾਜ ਰਿਹਾ ਸੀ। ਛਟੀ ਵਾਲੇ ਦਿਨ ਸਾਕ–ਸੰਬੰਧੀਆਂ ਨੂੰ ਬੁਲਾਇਆ ਜਾਂਦਾ ਹੈ। ਇਸ ਦਿਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾ ਕੇ ਵਾਕ ਲੈਣ ਵਾਲੇ ਭਾਈ ਜੀ ਤੋਂ ਤੁਕ ਦਾ ਪਹਿਲਾਂ ਅੱਖਰ ਪੁੱਛ ਕੇ ਮੁਡੇਂ ਦਾ ਨਾਂ ਰੱਖਿਆ ਜਾਂਦਾ ਸੀ।

# ਵਿਆਹ ਦੀਆਂ ਰਸਮਾਂ

- ਵਿਆਹ ਲਈ ਮੁੰਡਾ ਅਤੇ ਕੁੜੀ ਕਈ ਤਰ੍ਹਾਂ ਦੇ ਸੁਪਨੇ ਬਣੁਦੇ ਹਨ। ਵਿਆਹ ਦੇ ਸੰਬੰਧ ਵਿੱਚ ਹਰੇਕ ਰਿਸ਼ਤੇਦਾਰ ਪਰਿਵਾਰਿਕ ਮੈਂਬਰਾਂ ਅਤੇ ਭਾਈਚਾਰੇ ਦੀ ਅਹਿਮ ਭੂਮਿਕਾ ਹੁੰਦੀ ਹੈ। ਵਿਆਹ ਦੇ ਸੰਬੰਧ ਵਿੱਚ ਵਿਉਂਤਬੰਦੀ ਤੇ ਸੋਚ ਵਿਚਾਰ ਤੋਂ ਕੰਮ ਲਿਆ ਜਾਂਦਾ ਹੈ। ਵਿਆਹ ਨਾਲ ਸੰਬੰਧਿਤ ਬਹੁਤ ਸਾਰੀਆਂ ਰਸਮਾਂ ਜੁੜੀਆਂ ਹੁੰਦੀਆਂ ਹਨ ਜੋ ਜੋੜੀ ਦੀ ਲੰਮੀ ਉਮੁਰ, ਖੁਸ਼ੀ ਅਤੇ ਅਗਾਂਹ ਪੀੜ੍ਹੀ ਤੋਰਨ ਸੰਬੰਧੀ ਬੁਰੀਆਂ ਨਜ਼ਰਾਂ ਦੇ ਪ੍ਰਭਾਵ ਤੋਂ ਬਚਾਅ ਨਾਲ ਸੰਬੰਧਿਤ ਹੁੰਦੀਆਂ ਹਨ।

# ਮੰਗਣਾ ਤੇ ਰਸਮਾਂ

- ਮੰਗਣਾ ਅਤੇ ਉਸ ਨਾਲ ਸੰਬੰਧਿਤ ਹਰਕੇ ਸਮਾਜ ਅਤੇ ਹਰੇਕ ਸਭਿਆਚਾਰ ਵਿੱਚ ਵੱਖੋ-ਵੱਖਰੀਆਂ ਰਹੀਆਂ ਹਨ। ਪੁਰਾਤਨ ਪੰਜਾਬੀ ਸਭਿਆਚਾਰ ਵਿੱਚ ਪਿੰਡਾਂ ਦੇ ਲਕੋ ਵਿਆਹ ਤੋਂ ਪਹਿਲਾਂ ਮੰਗਣੇ ਜਾਂ ਠਾਕੇ ਦੀ ਰਸਮ ਹੁੰਦੀ ਹੈ। ਜਿਸ ਵਿੱਚ ਕੁੜੀ ਅਤੇ ਮੁੰਡੇ ਦੇ ਪਰਿਵਾਰ ਵਲੋਂ ਪਕੱ ਠੱਕ ਕੀਤੀ ਜਾਂਦੀ ਸੀ। ,,,,ਬਨ੍ਹੇ ਹੋਏ ਦਿਨ ਕੜੀ ਵਾਲਿਆਂ ਵਲੋਂ ਨਾਈ ਸ਼ਗਨ ਦਾ ਰੁਪਿਆ ਲਿਆਂਦਾ ਮੁੰਡੇ ਨੂੰ ਭਰੀ ਪੰਚਾਇਤ ਵਿੱਚ ਬਿਠਾ ਕੇ ਮੁਡੈਂ ਦੀ ਹਥੇਲੀ ਉੱਤੇ ਚਾਂਦੀ ਦਾ ਰੁਪਿਆ ਧਰ ਕੈ ਉਸਦੇ ਮੂੰਹ ਵਿੱਚ ਸ਼ੱਕਰ ਜਾਂ ਗੜੂ ਦੀ ਰੜੀ ਪਾ ਕੇ ਸਿਰ ਪਲੋਸਿਆ ਜਾਂਦਾ ਸੀ ਤੇ ਨਾਲ ਹੀ ਇਹ ਕਿਹਾ ਜਾਂਦਾ ਹੈ ਕਿ ਕਾਕਾ ਤੂੰ ਸਾਡਾ ਹੋ ਗਿਆ ਐ, ਸਾਡੇ ਕੋਲ ਧੀ ਨੂੰ ਤਿੰਨ ਕੱਪੜਿਆਂ ਤੋਂ ਵੱਧ ਦੇਣ ਲਈ ਕੁਝ ਨਹੀਂ। ਕੁੜੀ ਵਾਲਿਆਂ ਵਲੋਂ ਪੰਚਾਇਤ ਵਿੱਚ ਹੀ ਇਹ ਕਿਹਾ ਜਾਂਦਾ ਸੀ ਕਿ ਪੰਜ ਆਦਮੀ ਆ ਕੇ ਲਾਵਾਂ ਜਾਂ ਫੇਰੇ ਲੈ ਜਾਇਓ। ਜੇ ਵਿਆਹ ਕੁਝ ਸਮਾਂ ਠਹਿਰ ਕੇ ਕਰਨਾ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਕੁੜੀ ਮੁਟਿਆਰ ਹੈ ਜਦੋਂ ਚਾਹੋਗੇ ਵਿਆਹ ਕਰ ਦੇਵਾਂਗੇ। ਸਾਡੇ ਵਲੋਂ ਕੋਈ ਘੌਲ ਨਹੀਂ। ''11 ਮੰਗਣੀ ਦੀ ਖੁਸ਼ੀ ਵਿੱਚ ਪਿਡੰ ਦੇ ਲਕੋਾਂ ਨੂੰ ਪਤਾਸੇ ਤੇ ਮਦਾਣਾ ਵੀ ਫੇਰਿਆ ਜਾਂਦਾ ਸੀ। ਸੋ ਪਿੰਡਾਂ ਦੇ ਲੋਕਾਂ ਵਿੱਚ ਇਸ ਪ੍ਰਕਾਰ ਮੰਗਣੇ ਦੀ ਰਸਮ ਹੁਦੀਂ ਹੈ।

# ਸਾਹੇ ਚਿੱਠੀ ਭੇਜਣਾ

- ,,,,ਇਹ ਸਾਹੇ ਚਿੱਠੀ ਭੇਜਣ ਦਾ ਕੰਮ ਵਿਚੋਲਾ ਜਾਂ ਨਾਈ ਕਰਦਾ ਸੀ। ਜਿਸ ਵਿੱਚ ਆਪਣੀ  ਸਮਰੱਥਾ ਦਰਸਾਉਂਦੇ ਹੋਏ ਬਰਾਤ ਦੀ ਗਿਣਤੀ, ਵਿਆਹ ਦੇ ਦਿਨ ਅਤੇ ਸ਼ਰਤਾਂ ਜਿਵੇਂ ਸ਼ਰਾਬ ਨਹੀਂ ਪੀਣੀ ਆਦਿ ਬਾਰੇ ਲਿਖਿਆ ਜਾਂਦਾ ਸੀ। ਉਪਰੋਂ-ਉੱਪਰੋਂ ਮੁੰਡੇ ਵਾਲਿਆਂ ਨੂੰ ਵਰੀ ਨਾ ਬਣਾਉਣ ਦੀ ਤਾਕੀਦ ਵੀ ਕੀਤੀ ਜਾਂਦੀ ਸੀ ਪਰ ਵਿਚੋਂ ਚਗੀ ਵਰੀ ਦੀ ਖਾਹਿਸ਼ ਵੀ ਰੱਖੀ ਜਾਂਦੀ ਸੀ। ਸਾਹੇ ਚਿੱਠੀ ਲਿਜਾਣ ਵਾਲੇ ਨੂੰ ਦੋਹਾਂ ਧਿਰਾਂ ਵੱਲੋਂ  ਲਾਗ ਦਿੱਤਾ ਜਾਂਦਾ ਸੀ। ਸਾਹੇ ਚਿੱਠੀ ਵਾਲੇ ਨੂੰ ਤੇਲ ਚੋਅ ਕੇ ਸ਼ਗਨਾਂ ਨਾਲ ਅੰਦਰ ਲੰਘਾਇਆ ਜਾਂਦਾ ਸੀ। ਜਿਹੜਾ ਵੀ ਸਾਰਿਆਂ ਵਿੱਚ ਸਾਹੇ ਚਿੱਠੀ ਪੜ੍ਹ ਕੇ ਸੁਣਾਵੇ, ਉਸਨੂੰ ਲਾਗ ਦਿੱਤਾ ਜਾਂਦਾ ਸੀ।

# ਗੰਢਾਂ ਦੇਣੀਆਂ

- ਗੰਢਾਂ ਦੇਣ ਵਾਲੀ ਰਸਮ ਬਹੁਤ ਪੁਰਾਤਨ ਸਮੇਂ ਤੋਂ ਚੱਲਦੀ ਆ ਰਹੀ ਸੀ। ਪਰ ਪਿੰਡਾਂ ਦੇ ਲੋਕਾਂ ਵਿੱਚ ਇਹ ਰੀਤ ਪ੍ਰਚਲਿੱਤ ਹੈ। ,,,,ਇਹ ਗੰਢਾਂ ਦਾ ਕੰਮ ਨਾਈ ਰਾਹੀਂ ਸਾਕ-ਨਾਤੇ ਨੂੰ ਤਿੱਥ (ਤਾਰੀਖ) ਦਾ ਪਤਾ ਦੇਣਾ ਹੁੰਦਾ ਹੈ ਜਿਸਨੂੰ ,,ਗੰਢਾਂ ਦੇਣੀਆਂ’ ਕਿਹਾ ਜਾਂਦਾ ਹੈ। ਲਿਪੀ ਦੇ ਖੋਜੀ ਦੱਸਦੇ ਹਨ ਕਿ ਜਦ ਅੱਖਰ ਨਹੀਂ ਸਨ ਬਣੇ ਉਸ ਸਮੇਂ ਲੋਕ ਗੱਲਾਂ ਯਾਦ ਰੱਖਣ ਲਈ ਆਪਦੇ ਪਰਨੇ ਜਾਂ ਕਿਸੇ ਰੱਸੀ ਨੂੰ ਗੰਢ ਪਾ ਲੈਂਦੇ ਸੀ, ਤਾਂ ਜੋ ਉਸ ਨੂੰ ਦੇਖ ਕੇ ਗੱਲ ਯਾਦ ਆ ਜਾਏ ਕਿ ਇਹ ਗੰਢ ਜਿਸ ਗੱਲ ਕਰਕੇ ਦਿੱਤੀ ਸੀ, ਉਹ ਇਕਰਾਰ ਪੂਰਾ ਹੋਇਆ ਹੈ ਕਿ ਨਹੀਂ ? ਵਿਆਹ-ਸ਼ਾਦੀ ਦੀਆਂ ਤਿੱਥਾਂ ਦੱਸਣ ਲੱਈ ਅਗਲਿਆਂ ਘਰ ਵਾਲੇ ਦ ੇਕਿਸ ੇਮੁਖੀ ਜੀਅ ਦ ੇਸਾਫ਼ੇ ਜਾਂ ਪਰਨੇ ਨ ੂੰਜ਼ਰੂਰ ਗੰਢਾਂ ਪੁਆ ਕੇ ਆਉਂਦੇ ਤਾਂ ਜੋ ਮੁਕੱਰਰ ਦਿਨ ਤੇ ਵਿਆਹ ਵਿੱਚ ਜਰੂਰ ਆਉਣ।

# ਚੱਕੀਆਂ ਲਾਉਣੀਆਂ

- ਪੁਸਤਕ ਮੇਰਾ ਪਿੰਡ ਦੇ ਅਧਾਰਿਤ ਇਹ ਚੱਕੀਆਂ ਲਾਉਣ ਦਾ ਕੰਮ ਵਿਆਹ ਤੋਂ ਸੱਤ, ਨੌ ਜਾਂ ਗਿਆਰਾਂ ਦਿਨ ਪਹਿਲਾਂ ਹੁੰਦਾ ਸੀ। ਇਸ ਰਸਮ ਦੇ ਆਰੰਭ ਸਮੇਂ ਇਕ ਗੀਤ ਗਾਇਆ ਜਾਂਦਾ :-
- ,,,,ਸੱਤ ਸੁਹਾਗਣਾਂ ਸੱਤ ਗੱਲੇ ਚੱਕੀ ਹੱਥ ਲੁਆ। ’’14
- ਆਂਢ-ਗੁਆਂਢ ਦੀਆਂ ਸੱਤ ਸੁਹਾਗਣਾਂ ਨੂੰ ਸੱਦ ਕੇ ਉਨ੍ਹਾਂ ਤੋਂ ਚੱਕੀ ਵਿੱਚ ਗੱਲ੍ਹਾ ਪੁਆਇਆ ਜਾਂਦਾ ਹੈ।

# ਵੱਟਣਾ ਮੱਲ੍ਹਣਾ

- – ਲਾਵਾਂ (ਅਨੰਦ ਕਾਰਜ) ਤੋਂ ਇੱਕ ਦਿਨ ਪਹਿਲਾਂ ਜਾਂ ਉਸੇ ਦਿਨ ਵੱਟਣਾ ਮਲਣ ਦੀ ਰੀਤ ਕੀਤੀ ਜਾਂਦੀ ਹੈ। ਵਰ ਨੂੰ ਇੱਕ ਚੌਂਕੀ ਉੱਤੇ ਬਿਠਾ ਦਿੱਤਾ ਜਾਂਦਾ ਸੀ ਅਤੇ ਚਾਰ ਕੁੜੀਆਂ ਪੀਲੀ ਜਾਂ ਲਾਲ ਸੂਹੀ ਫੁਲਕਾਰੀ ਦੀਆਂ ਚਾਰੇ ਕੰਨੀਆਂ ਚੰਦੋਏ ਵਾਂਗ ਤਾਣ ਕੇ ਖਲੋ ਜਾਂਦੀਆਂ ਹਨ। ਵੱਟਣਾ ਜੋ ਕਿ ਵੇਸਣ ਵਿੱਚ ਹਲਦੀ ਅਤੇ ਸਰ੍ਹੋਂ ਦਾ ਤੇਲ ਆਦਿ ਮਿਲਾ ਕੇ ਬਣਾਇਆ ਜਾਂਦਾ ਹੈ। ,,,,ਵੱਟਣਾ ਹਰੇ ਘਾਹ ਦੀਆਂ ਤਿਣਾਂ ਨਾਲ ਲਗਾਇਆ ਜਾਂਦਾ ਹੈ। ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਵਿਆਂਹਦੜ ਖੱਬਲ ਘਾਹ ਵਾਂਗ ਵਧੇ ਫੁੱਲੇ।’’17 ਬਾਕੀ ਔਰਤਾਂ ਉਂਗਲਾਂ ਨਾਲ ਹੀ ਵੱਟਣਾ ਲਗਾਉਂਦੀਆਂ ਹਨ। ਵਰ ਇਸ਼ਨਾਨ ਕਰਕੇ ਚੌਂਕੀ ਤੋਂ ਉਤਰਨ ਲੱਗਿਆਂ ਸੱਤ ਚੱਪਣੀਆਂ ਨੂੰ ਜੋ ਪਹਿਲਾਂ ਹੀ ਇਸੇ ਮਤੰਵ ਲਈ ਚੌਂਕੀ ਕੋਲ ਰੱਖੀਆਂ ਹੁੰਦੀਆਂ ਹਨ, ਪੈਰ ਮਾਰ ਕੇ ਭੰਨਦਾ ਹੈ। ਇਨ੍ਹਾਂ ਚੱਪਣੀਆਂ ਦਾ ਭੰਨਣਾ ਸ਼ੁਭ ਗਿਣਿਆ ਜਾਂਦਾ ਸੀ। ਇਸ ਦਾ ਭਾਵ ਪਿਛਲੇ ਨਾਤੇ ਤੋੜ ਕੇ ਗ੍ਰਿਹਸਤ ਜੀਵਨ ਨਾਲ ਜੁੜਦਾ ਹੈ। ਇਸ ਪਿੱਛੋਂ ਵਰ ਨੂੰ ਨਾਨਕਿਆਂ ਦੇ ਕੱਪੜੇ ਪਹਿਨਾਏ ਜਾਂਦੇ ਹਨ।

# ਜੰਞ ਦਾ ਢੁਕਾਅ

- ਪੁਰਾਣੇ ਸਮੇਂ ਵਿੱਚ ਜੰਞ ਦਾ ਢੁਕਾਅ ਧਰਮਸ਼ਾਲਾ ਜਾਂ ਗੁਰਦੁਆਰੇ ਵਿੱਚ ਕੀਤਾ ਜਾਂਦਾ ਸੀ। „ਮੇਰਾ ਪਿੰਡ’ ਦੇ „„ਲੋਕਾਂ ਵਿੱਚ ਵਿਆਹ ਇੱਕ ਦੇਖਣ ਯੋਗ ਪ੍ਰਦਰਸ਼ਨੀ ਹੁੰਦਾ ਹੈ। ਪਿੰਡ ਦੇ ਨੇੜੇ ਪਹੁੰਚ ਕੇ ਚੋਬਰ ਆਪਣੇ ਆਪ ਨੂੰ ਇੱਕ ਵਾਰੀ ਫਿਰ ਸ਼ਿੰਗਾਰਦੇ ਹਨ। ਮੋਢੇ ਦੇ ਪਰਨਿਆਂ ਤੇ ਰੁਮਾਲਾਂ ਨਾਲ ਕੱਢਵੀਂ ਜੁੱਤੀ ਤੋਂ ਧੂੜ ਝਾੜ ਕੇ ਸ਼ੀਸ਼ੇ ਨਾਲ ਸਾਫੇ ਬੰਨ੍ਹ ਕੇ ਟੌਰੇ ਹਵਾ ਵਿੱਚ ਖੁੱਲ੍ਹੇ ਛੱਡ ਦਿੰਦੇ ਹਨ।’’20 ਜਿਉਂ ਹੀ ਵਾਜਿਆਂ ਗਾਜਿਆਂ ਨਾਲ ਲਾੜੇ ਸਮੇਤ ਜੰਞ ਪਿੰਡ ਦੀ ਹੱਦ ਅੰਦਰ ਦਾਖਲ ਹੁੰਦਾ ਹੈ, ਇਕੱ ਅਜੀਬ ਕਿਸਮ ਦਾ ਰੌਲਾ ਪੈਂਦਾ ਸੀ। ਪਿੰਡ ਦੇ ਨੇੜੇ ਪੁੱਜਦਿਆਂ ਹੀ ਧੀ ਵਾਲਿਆਂ ਦੀ ਪੰਚਾਇਤ ਸੁਆਗਤ ਲਈ ਪਹੁੰਚਦੀ ਸੀ। ਜੰਞ ਨੂੰ ਪਿੰਡਾਂ ਵਿੱਚ ਕੋਠਿਆਂ ਤੇ ਚੜ੍ਹ-ਚੜ੍ਹ ਕੇ ਦੇਖਦੇ ਸਨ। ਜਞ ਪੁਰਾਣੇ ਸਮੇਂ ਵਿੱਚ ਤਿੰਨ ਜਾਂ ਚਾਰ ਦਿਨ ਰਹਿੰਦੀ ਸੀ ਅਤੇ ਹਰੇਕ ਦਿਨ ਕੋਈ ਨਾ ਕੋਈ ਰਸਮ ਅਦਾ ਕੀਤੀ ਜਾਂਦੀ ਸੀ।

# ਲਾਵਾਂ ਫੇਰੇ

- ਲਾਵਾਂ (ਅਨੰਦ ਕਾਰਜ), ਫੇਰਿਆਂ ਤੋਂ ਬਿਨਾਂ ਵਿਆਹ ਅਧੂਰਾ ਮੰਨਿਆ ਜਾਂਦਾ ਹੈ। ਇਹ ਵਿਆਹ ਦੀ ਖਾਸ ਰਸਮ ਹੁੰਦੀ ਹੈ। „„ਹਿੰਦੂਆਂ ਵਿੱਚ ਫੇਰੇ ਤਾਰਿਆਂ ਦੀ ਛਾਂਵ (ਰਾਤ) ਹੁੰਦੇ ਹਨ। ਫੇਰਿਆਂ ਲਈ ਪਾਂਧੇ ਵਲੋਂ ਖਾਸ ਤੌਰ ਤੇ ਲਗਨ ਦਾ ਸਮਾਂ ਨਿਸ਼ਚਿਤ ਕੀਤਾ ਹੁੰਦਾ ਹੈ। ਲਾਵਾਂ ਦੀ ਘੜੀ ਨੂੰ ਬ੍ਰਹਮਲਗਨ ਕਿਹਾ ਜਾਂਦਾ ਹੈ। ਮੁੰਡੇ ਅਤੇ ਕੁੜੀ ਵਿੱਚੋਂ ਜਕੇਰ ਕੋਈ ਵੀ ਮੰਗਲੀਕ ਹੋਵੇ ਤਾਂ ਉਸ ਨੂੰ ਪਹਿਲਾਂ ਕਿਸੇ ਦਰੱਖਤ ਫਲਾਹੀ, ਕਿੱਕਰ, ਪਿੱਪਲ ਆਦਿ ਨਾਲ ਲਾਵਾਂ ਦਿਵਾ ਕੇ ਬਾਅਦ ਵਿੱਚ ਜੀਵਣ ਸਾਥੀ ਨਾਲ ਫੇਰੇ ਕਰਵਾਏ ਜਾਂਦੇ ਹੁਨ, ਤਾਂ ਜੋ ਵੀ ਮੰਗਲੀਕ ਦਾ ਮਾੜਾ ਅਸਰ ਹੁੰਦਾ ਹੈ ਉਸ ਦਰੱਖਤ ਉੱਪਰ ਪੈ ਜਾਵੇ। ਪਹਿਲਾਂ ਆਮ ਤੌਰ ਤੇ ਘਰ ਵਿੱਚ ਹੀ ਗੁੱਠੇ ਚਾਰ ਬਾਂਸ ਗਡ ਕੇ ਵੇਦੀ ਰਚ ਲਈ ਜਾਂਦੀ ਸੀ। ਕੁੱਲ ਪ੍ਰੋਹਿਤ ਆਟੇ ਨਾਲ ਚੌਂਦ ਪੂਰਦਾ ਵਰ ਅਤੇ ਕੰਨਿਆ ਨੂੰ ਚੌਂਕ ਦੇ ਨਾਲ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਖਾਰਿਆਂ ਤੇ ਬਿਠਾ ਦਿੱਤਾ ਜਾਂਦਾ ਹੈ। ਫੇਰਿਆਂ ਤੋਂ ਪਹਿਲਾਂ ਬ੍ਰਾਹਮਣ ਹਵਨ ਕਰਦਾ ਹੈ। ਦੋਹਾਂ ਧਿਰਾਂ ਦੇ ਬ੍ਰਾਹਮਣ ਆਪਣੀ ਧਿਰ ਦਾ ਗੋਤਰਾਚਾਰ ਪੜ੍ਹਦੇ ਸਨ।’’

# ਜੰਝ ਛੁੜਾਉਣ ਦੀ ਰਸਮ

- „„„ਪੁਰਾਣੇ ਸਮੇਂ ਵਿੱਚ ਕਵਿੱਤਾਂ ਅਤੇ ਛੰਦਾਂ ਦੇ ਵਿੱਚ ਜੰਝ ਨੂੰ ਬੰਨ੍ਹਣ ਅਤੇ ਛੁਡਾਉਣ ਦੀ ਰਸਮ ਹੁੰਦੀ ਸੀ।’’25 ਜਿਸ ਵਿੱਚ ਮੁੰਡੇ ਕੁੜੀਆਂ ਆਪਦੀ ਅਹਿਮ ਭੂਮਿਕਾ ਅਦਾ ਕਰਦੇ ਸਨ। ਪੁਰਾਣੇ ਸਮਿਆਂ ਵਿੱਚ ਆਮ ਤੌਰ ਤੇ ਤਿੰਨ ਦਿਨ ਜਞ ਰੱਖਣ ਦਾ ਰਿਵਾਜ ਪ੍ਰਚਲਿੱਤ ਰਿਹਾ ਸੀ। ਵਿਚਕਾਰਲੇ ਦਿਨ ਸ਼ਾਮ ਦੀ ਰੋਟੀ ਵਧੇਰੇ ਮਹੱਤਵਪੂਰਨ ਸਮਝੀ ਜਾਂਦੀ ਸੀ। ਕਿਉਂਕਿ ਇਸ ਦਿਨ ਜੰਝ ਬਨੀ ਜਾਂਦੀ ਸੀ ਤੇ ਛੁਡਾਈ ਜਾਂਦੀ ਸੀ। ਇਸ ਰਟੀ ਨੂੰ „ਖੱਟੀ ਰੋਟੀ’ ਵੀ ਕਿਹਾ ਜਾਂਦਾ ਸੀ। ਕਿਉਂਕਿ ਇਸ ਵਿੱਚ ਖਾਣ ਲਈ ਚਟਪਟੀਆਂ ਚੀਜਾਂ, ਚਟਨੀ ਅਤ ਦਹੀਂ ਭਿੰਨੀਆਂ ਪਕੌੜੀਆਂ ਦੀ ਬੂੰਦੀ ਪਾਈ ਜਾਂਦੀ ਸੀ। ਇਸ ਸਮੇਂ ਕੁੜੀਆਂ ਨੂੰ ਮਜ਼ਾਕ ਕਰਨ ਦਾ ਚੰਗਾ ਮੌਕਾ ਮਿਲਦਾ ਸੀ।

# ਮੁਕਲਾਵਾ

- „„ਪੁਰਾਤਨ ਸਮੇਂ ਵਿੱਚ ਲੜਕੀ ਦਾ ਰਿਸ਼ਤਾ ਛੋਟੀ ਉਮਰ ਵਿੱਚ ਹੀ ਕੀਤਾ ਜਾਂਦਾ ਸੀ। ਮੁਟਿਆਰ ਹੋਣ ਤੇ ਉਸ ਨੂੰ ਮੁਕਲਾਵਾ ਇੱਕਠਾ ਕਰਕੇ ਤੋਰਦੇ ਸਨ। ਜਿਨ੍ਹਾਂ ਨੇ ਕੜ੍ਹੀ ਛੋਟੀ ਉਮਰ ਵਿੱਚ ਵਿਆਹੀ ਹੁੰਦੀ ਹੈ ਉਹ ਤਿੰਨ, ਪੰਜ ਜਾਂ ਸੱਤ ਸਾਲ ਪਿੱਛੋਂ ਮਕੁਲਾਵਾ ਤੋਰਦੇ ਸਨ। ਮੁਕਲਾਵਾ ਕੁੜੀਆਂ ਦੇ ਛੋਟੇ ਹੁੰਦਿਆਂ ਦੇ ਵਿਆਹਾਂ ਕਾਰਨ ਚੱਲਿਆ ਸੀ। „„ਕਈ ਵਾਰ ਕੁੜੀ ਛੋਟੀ ਹੋਣ ਕਾਰਨ ਪਹਿਲਾਂ ਵਾਲ਼ੀ ਕੁੜੀ ਦੇ ਨਾਲ ਹੀ ਗੜ੍ਹ ਦੀ ਭੇਲੀ ਭੇਜੀ ਜਾਂਦੀ। ਮੁਕਲਾਵਾ ਇਕ ਛੋਟਾ ਵਿਆਹ ਹੁੰਦਾ ਹੈ, ਜਿਸ ਵਿੱਚ ਕੜੀ ਦੀ ਸਹੇਲੀਆਂ ਮਹਿੰਦੀ, ਸ਼ੀਸ਼ਾ, ਸੁਰਮਾ, ਕੰਘੀ, ਸਾਬਣ ਦੀ ਟਿੱਕੀ, ਕੱਤਣੀ, ਮੂਹੜ੍ਹੇ, ਡੋਰੀ ਪਰਾਂਦਾ ਤੇ ਹੋਰ ਨਿੱਕੀਆਂ ਸੁਗਾਤਾਂ ਪੇਸ਼ ਹੁੰਦੀਆਂ ਸਨ। ਇਨ੍ਹਾਂ ਸੁਗਾਤਾਂ, ਗਹਿਣਿਆਂ ਲਈ ਸੰਦੂਕ ਦਿੱਤੇ ਜਾਂਦੇ ਹਨ। ’’27 ਨਾਲ ਹੀ ਜੋ ਲੜਕੀ ਦੇ ਵਰਤਣ ਲਈ ਸਾਮਾਨ ਜਿਵੇਂ ਬੈੱਡ, ਭਾਂਡੇ, ਬਿਸਤਰੇ ਆਦਿ ਵਸਤਾਂ ਵਰਤਨ ਲਈ ਵੀ ਦਿੱਤੀਆਂ ਜਾਂਦੀਆਂ ਸਨ।

# ਵਿਦਾਈ ਦੀ ਰਸਮ

- ਕੁੜੀ ਨੂੰ ਵਿਦਾ ਕਰਨ ਦਾ ਦ੍ਰਿਸ਼ ਬੜਾ ਦਰਦ ਭਰਿਆ ਹੁੰਦਾ ਹੈ। ਸਭ ਦੀਆਂ ਅੱਖਾਂ ਵਿਚ ਹੰਝੂ ਛਲਕਦੇ ਹਨ, „„ਇਹ ਹੰਝੂ ਜਿੱਥੇ ਇਕ ਪਾਸੇ ਦੇ ਵਿਛੋੜੇ ਤੇ ਦੂਜੇ ਪਾਸੇ ਦੀ ਮਿਲਾਪ ਨਾਲ ਨਾਲ ਜੁੜੇ ਹੋਣ ਕਾਰਨ ਮਿਲਵੇਂ ਜੁਲਵੇਂ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਇਸ ਮੌਕੇ ਕੁੜੀਆਂ ਵਿਛੋੜੇ ਦੇ ਗੀਤ ਛੋਹ ਲੈਂਦੀਆਂ ਹਨ।
- ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
- ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ
- ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀ ਮਾਂ ਮੈਂ ਚੱਲੀ ਬਿਗਾਨੜੇ ਦੇਸ਼ ਨੀ ਮਾਂ। ’’28 ਅਜੋਕੇ ਸਮੇਂ ਦੇ ਪ੍ਰਭਾਵ ਸਦਕਾ ਬਹੁਤੀਆਂ ਕੜੀਆਂ ਤਾਂ ਆਪਣਾ ਹਾਰ ਸ਼ਿੰਗਾਰ ਤੇ ਮੇਕਅਪੱ ਉਤਰਨ ਦੇ ਡਰ ਸਦਕਾ ਸਿਰਫ਼ ਮੂੰਹ ਤੇ ਰਮੁਾਲ ਰੱਖ ਕੇ ਹੀ ਚੱਲਦੀਆਂ ਹਨ।

# ਡੋਲੀ ਦਾ ਪਹੁੰਚਣਾ

- ਵਹੁਟੀ ਦੇ ਵਿਆਹ ਕੇ ਲਿਆਉਣ ਦੀ ਖੁਸ਼ੀ ਵਿੱਚ ਸਾਰੇ ਸੁਆਗਤ ਲਈ ਵਾਪਸ ਝੱਟ  ਤਿਆਰ ਹੋ ਜਾਂਦੇ ਹਨ। ਪਿੰਡ ਦੀਆਂ ਕੁੜੀਆਂ, ਨਾਨਕ ਛੱਕ ਦੀਆਂ ਮੇਲਣਾਂ ਟੋਲੀਆਂ ਬੰਨ੍ਹ ਕੇ ਗੀਤ ਗਾਉਂਦੀਆਂ ਹਨ :-

- ,,,,ਨਿੱਕੀ-ਨਿੱਕੀ ਬੂੰਦੀ ਵੇ ਨਿੱਕਿਆ ਮੀਂਹ ਵੇ ਵਰ੍ਹੇ।
- ਵੇ ਨਿੱਕਿਆ ਮਾਂ ਵੇ ਸੁਹਾਗਣ ਤੇਰੀ ਸ਼ਗਨ ਕਰੇ।
- ਵੇ ਨਿੱਕਿਆ ਦਮੀਂਆਂ ਦੀ ਬੋਰੀ ਤੇਰਾ ਬਾਬਾ ਫੜ੍ਹੇ,
- ਵੇ ਨਿੱਕਿਆ ਹਾਥੀ ਦੇ ਸੰਗਲ ਤੇਰਾ ਬਾਪ ਫੜ੍ਹੇ,
- ਵੇ ਨਿੱਕਿਆ ਘੜੌਂ ਤੇ ਸੋਹਣਾ ਮੇਰਾ ਵੀਰ ਚੜ੍ਹੇ,
- ਭੈਣ ਸੁਹਾਗਣ ਤੇਰੀ ਵਾਂਗ ਫੜ੍ਹੇ
- ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ
- ਭਾਬੀ ਸੁਹਾਗਣ ਤੈਨੂੰ ਸੁਰਮਾ ਪਾਇਆ, ਰੱਤਾ-ਰੱਤਾ ਡੋਲਾ ਮਹਿਲੀਂ ਆਣ ਵੜ੍ਹੇ।''29

- ਜਦੋਂ ਪੁੱਤ ਵਿਆਹ ਕੇ ਨਵੀਂ ਵਹੁਟੀ ਲਿਆਉਂਦਾ ਹੈ, ਸਭ ਤੋਂ ਵੱਧ ਖੁਸ਼ੀ ਮੁੰਡੇ ਦੀ ਮਾਂ ਨੂੰ ਹੁੰਦੀ ਹੈ। ਮਾਲਵੇ ਦੇ ਕੁੱਝ ਪਿੰਡਾਂ ਵਿੱਚ ਰਿਵਾਜ ਹੈ ਕਿ ਪਾਣੀ ਵਾਰਨ ਤੋਂ ਪਹਿਲਾਂ ਮੁੰਡੇ ਦੀ ਮਾਂ ਕੇਸੀ ਇਸ਼ਨਾਨ ਕਰਦੀ ਹੈ ਤੇ ਨਵਾਂ ਸੂਟ ਜੋ ਪਹਿਲਾਂ ਕਦੇ ਨਾ ਪਹਿਨਿਆ ਹੋਵੇ, ਪਹਿਣ ਕੇ ਹੀ ਪਾਣੀ ਵਾਰਨ ਦੀ ਰਸਮ ਪੂਰੀ ਕਰਦੀ ਹੈ।

- ਸੋ ਵਿਆਹ ਨਾਲ ਸੰਬੰਧਿਤ ਰਸਮਾਂ ਨੂੰ ਨਿਭਾਉਣਾ ਪੰਜਾਬੀ ਸਭਿਆਚਾਰ ਵਿੱਚ ਪੁਰਾਣੇ ਸਮੇਂ ਤੋਂ ਹੀ ਲਾਜ਼ਮੀ ਮੰਨਿਆ ਗਿਆ ਹੈ। ਕਿਉਂਕਿ ਪੁਰਾਣੇ ਲੋਕਾਂ ਦੇ ਵਿਆਹ ਦੀਆਂ ਰੀਤਾਂ ਨਾਲ ਅਨੇਕਾਂ ਵਿਸ਼ਵਾਸ ਜੁੜੇ ਹੋਏ ਹਨ। ਵਿਆਹ ਨਾਲ ਸੰਬੰਧਿਤ ਅਨੇਕਾਂ ਰਸਮਾਂ ਅੱਜ ਦੇ ਸਮੇਂ ਵਿੱਚ ਵੀ

ਨਿਭਾਈਆਂ ਜਾ ਰਹੀਆਂ ਹਨ। ਸਗੋਂ ਹੁਣ ਤਾਂ ਇਨ੍ਹਾਂ ਰਸਮਾਂ ਨੂੰ ਨਿਭਾਉਂਦੇ ਸਮੇਂ ਹਰਕੇ ਪਲ ਨੂੰ ਵੀਡੀਓ ਰਾਹੀਂ ਕੈਦ ਕੀਤਾ ਜਾਣ ਲੱਗਾ ਹੈ। ਜੋ ਪੰਜਾਬੀ ਵਿਰਾਸਤ ਨੂੰ ਸੰਭਾਲ ਵਿੱਚ ਲਾਹੇਵੰਦ ਸਿੱਧ ਹੋ ਰਹੇ ਹਨ।